# Second meeting of BRICS Sherpas and Sous Sherpas

May 28, 2021

---

## BRICS ਸ਼ੇਰਪਾਵਾਂ ਤੇ ਸੂਸ ਸ਼ੇਰਪਾਵਾਂ ਦੀ ਦੂਜੀ ਬੈਠਕ

28 ਮਈ, 2021

BRICS ਸ਼ੇਰਪਾਵਾਂ ਅਤੇ ਸੂਸ ਸ਼ੇਰਪਾਵਾਂ ਦੀ ਦੂਜੀ ਬੈਠਕ (25 - 28 ਮਈ, 2021) ਭਾਰਤ ਦੀ ਪ੍ਰਧਾਨਗੀ ਹੇਠ ਬੁਲਾਈ ਗਈ। ਇਸ ਬੈਠਕ ਦੀ ਅਗਵਾਈ ਭਾਰਤ ਦੇ BRICS ਸ਼ੇਰਪਾ ਅਤੇ ਸੂਸ ਸ਼ੇਰਪਾ ਵਜੋਂ ਕ੍ਰਮਵਾਰ ਸਕੱਤਰ (CPV & OIA) ਸ਼੍ਰੀ ਸੰਜੇ ਭੱਟਾਚਾਰੀਆ ਅਤੇ ਵਧੀਕ ਸਕੱਤਰ (ਆਰਥਿਕ ਸੰਬੰਧ) ਪੀ. ਹਰੀਸ਼ ਨੇ ਕੀਤੀ। ਬ੍ਰਾਜ਼ੀਲ ਦੇ BRICS ਸ਼ੇਰਪਾ ਰਾਜਦੂਤ ਸਰਕਵਿਸ ਜੇ.ਬੀ. ਸਰਕਵਿਸ, ਰੂਸੀ BRICS ਸ਼ੇਰਪਾ ਰਾਜਦੂਤ ਸਰਗੇਈ ਰਿਆਬਕੋਵ, ਚੀਨ ਦੇ BRICS ਸ਼ੇਰਪਾ ਰਾਜਦੂਤ ਮਾ ਜ਼ਾਓਕਸੂ ਅਤੇ ਦੱਖਣੀ ਅਫਰੀਕਾ ਦੇ BRICS ਸ਼ੇਰਪਾ ਰਾਜਦੂਤ ਅਨਿਲ ਸੁੱਕਲਾਲ ਨੇ ਆਪਣੇ-ਆਪਣੇ ਵਫਦਾਂ ਦੀ ਅਗਵਾਈ ਕੀਤੀ।

BRICS ਭਾਗੀਦਾਰਾਂ ਨੇ 1 ਜੂਨ ਨੂੰ ਹੋ ਰਹੀ BRICS ਵਿਦੇਸ਼ ਮੰਤਰੀਆਂ ਦੀ ਬੈਠਕ ਦੀਆਂ ਤਿਆਰੀਆਂ ਬਾਰੇ ਵਿਚਾਰ ਵਟਾਂਦਰੇ ਕੀਤੇ। ਉਨ੍ਹਾਂ ਨੇ ਵਿਦੇਸ਼ ਮੰਤਰੀਆਂ ਦੀ ਬੈਠਕ ਦੇ ਨਤੀਜੇ ਨਾਲ ਸਬੰਧਤ ਦਸਤਾਵੇਜ਼ਾਂ ਸਣੇ ਭਾਰਤ ਵੱਲੋਂ BRICS 2021 ਦੀ ਪ੍ਰਧਾਨਗੀ ਦੌਰਾਨ ਲੋਚੇ ਗਏ ਪ੍ਰਮੁੱਖ ਨਤੀਜਿਆਂ ਬਾਰੇ ਗੱਲਬਾਤ ਕੀਤੀ।

ਇਹ ਗੱਲਬਾਤ ਉਸਾਰੂ ਅਤੇ ਸੁਹਿਰਦ ਮਾਹੌਲ ਵਿੱਚ ਹੋਈ ਅਤੇ BRICS ਭਾਗੀਦਾਰਾਂ ਨੇ COVID -19 ਮਹਾਂਮਾਰੀ ਦੀਆਂ ਚੁਣੌਤੀਆਂ ਦੇ ਬਾਵਜੂਦ ਭਾਰਤ ਵੱਲੋਂ BRICS ਅੰਦਰ ਭਾਈਵਾਲੀ ਨੂੰ ਅੱਗੇ ਵਧਾਉਣ ਦੇ ਮਾਮਲੇ 'ਚ ਕੀਤੀ ਗਈ ਸਕਾਰਾਤਮਕ ਅਗਵਾਈ ਦੀ ਸ਼ਲਾਘਾ ਕੀਤੀ।

ਨਵੀਂ ਦਿੱਲੀ
28 ਮਈ, 2021

DISCLAIMER: This is an approximate translation. The original is available in English on MEA's website and may be referred to as the official press release.